# ਮਾਪਿਆਂ ਲਈ ਰਾਜ ਦੇ ਆਮ ਕੋਰ ਮਿਆਰ ਦੀ ਬੈਕਪੈਕ ਗਾਈਡ

## ਅੰਗਰੇਜ਼ੀ ਭਾਸ਼ਾ ਆਰਟਸ ਅਤੇ ਗਣਿਤ

ਨਿਊਯਾਰਕ ਰਾਜ ਰੀਜੈਂਟ ਬੋਰਡ ਨੇ ਸਾਲ 2010 ਵਿੱਚ ਰਾਜ ਦੇ ਆਮ ਕੋਰ ਮਿਆਰ ਅਪਨਾਏ (CCSS), ਤਾਂਕਿ ਇਹ ਯਕੀਨੀ ਹੋ ਸਕੇ ਕੀ ਓਹ ਸਾਰੇ ਬੱਚੇ ਜੋ ਇਕ ਵਾਰ ਹਾਈ ਸਕੂਲ ਤੋਂ ਗ੍ਰੈਜੂਏਟ ਹੋਣ ਉਹ ਸਫਲ ਹੋ ਸਕਣ। ਇਸ ਗਾਈਡ ਨੂ ਇਸ ਤਰਾਂ ਬਣਾਇਆ ਗਿਆ ਹੈ ਕਿ ਇਹ ਤੁਹਾਨੂ ਇਹ ਸਮਝਣ ਵਿਚ ਮਦਦ ਕਰੇ ਕਿ ਮਿਆਰ ਤੁਹਾਡੇ ਬੱਚੇ ਨੂ ਕੀ ਅਸਰ ਕਰਣਗੇ, ਤੁਸੀਂ ਬੱਚੇ ਵਿਚ ਕੀ ਬਦਲਾਵ ਵੇਖੋਗੇ ਅਤੇ ਤੁਸੀਂ ਆਪਣੇ ਬੱਚੇ ਨੂ ਕਲਾਸਰੂਮ ਵਿਚ ਮਦਦ ਕਰਨ ਲਈ ਘਰ ਵਿਚ ਕੀ ਕਰ ਸਕਦੇ ਹੋ।

## ਰਾਜ ਦੇ ਆਮ ਕੋਰ ਮਿਆਰ ਮਹੱਤਵਪੂਰਨ ਕਿਉਂ ਹਨ?

ਰਾਜ ਦੇ ਆਮ ਕੋਰ ਮਿਆਰ ਇਸ ਲਈ ਮਹੱਤਵਪੂਰਨ ਹਨ ਕਿਉਂਕਿ ਉਹ ਸਾਰੇ ਬੱਚਿਆਂ ਦੀ- ਚਾਹੇ ਉਹ ਕੋਈ ਵੀ ਹੈ - ਇਕੋ ਜੇਹੇ ਹੁਨਰ ਸਿਖਣ ਵਿਚ ਮਦਦ ਕਰਣਗੇ।

ਉਹ ਆਪਦੇ ਬੱਚੇ ਕੁੰਜੀ ਖੇਤਰਾਂ: **ਪੜ੍ਹਨ, ਲਿਖਣ, ਬੋਲਣ, ਅਤੇ ਸੁਨਣ, ਭਾਸ਼ਾ ਅਤੇ ਗਣਿਤ** ਵਿਚ ਕੀ ਜਾਨਣ ਅਤੇ ਕੀ ਕਰ ਸਕਣ ਦੀ ਸਾਫ਼ ਉਮੀਦ ਬਣਾਉਣ ਦੇ ਯੋਗ ਹਨ।

ਜੇ ਤੁਹਾਨੂੰ ਪਤਾ ਹੈ ਕਿ ਇਹ ਉਮੀਦ ਕੀ ਹਨ, ਫਿਰ ਤੁਸੀਂ ਬੱਚੇ ਦੇ ਅਧਿਆਪਕ ਨਾਲ ਕੰਮ ਕਰ ਸਕਦੇ ਹੋ ਅਤੇ ਬੱਚੇ ਦੀ ਤਿਆਰੀ ਵਿਚ ਮਦਦ ਕਰ ਸਕਦੇ ਹੋ।

## ਅੰਗਰੇਜ਼ੀ ਭਾਸ਼ਾ ਆਰਟਸ (ELA)

ਰਾਜ ਦੇ ਨਵੇਂ ਆਮ ਕੋਰ ਮਿਆਰ, ਮੌਜੂਦਾ ਮਿਆਰਾਂ ਵਿਚ ਕਈ ਮਹੱਤਵਪੂਰਨ ਬਦਲਾਅ ਕਰਦੇ ਹਨ। ਇਹ ਬਦਲਾਵ ਪਰਵਰਤਨ ਕਾਹਾਂਦੇ ਹਨ। ਹੇਠ ਦਿਤੇ ਚਾਰਟ ਵਿਚ ਵਿਖਾਇਆ ਹੈ ਕਿ ਇਹ ਪਰਵਰਤਨ ਕੀ ਬਦਲਾਵ ਕਰਦੇ ਹਨ, ਤੁਸੀਂ ਆਪਣੇ ਬੱਚੇ ਦੇ ਬੈਕਪੈਕ ਵਿਚ ਸ਼ਾਯਦ ਕੀ ਵੇਖੋ, ਅਤੇ ਆਪਣੇ ਬੱਚੇ ਦੀ ਮਦਦ ਲਈ ਕੀ ਕਰ ਸਕਦੇ ਹੋ। ਜੇ ਤੁਹਾਡੇ ਬੱਚੇ ਦਾ ਕੰਮ ਪਰਵਰਤਨ ਦੀ ਝਲਕ ਨ ਵਿਖਾਏ ਤਾਂ ਆਪਣੇ ਬੱਚੇ ਦੇ ਅਧਿਆਪਕ ਨਾਲ ਗਲ ਕਰੋ।

| ਕੀ ਪਰਵਰਤਨ ਹੋ ਰਿਆ ਹੈ? | ਬੈਕਪੈਕ ਵਿਚ ਕਿਸ ਚੀਜ ਲਈ ਦੇਖੋਂ? | ਤੁਸੀਂ ਕੀ ਕਰ ਸਕਦੇ ਹੋ? |
|---|---|---|
| • ਤੁਹਾਡਾ ਬੱਚਾ ਹੁਣ ਹਰ ਗ੍ਰੇਡ ਪਧਰ ਤੇ ਹੋਰ ਵਧ ਗੈਰ- ਗਲਪ ਪਾਠ ਪੜੇਗਾ | • ਵੇਖੋ,ਕਿ ਤੁਹਾਡੇ ਬੱਚਿਆਂ ਨੂ ਵਧੇਰੇ ਪੜ੍ਹਨ ਦੇ ਕੰਮ ਮਿਲਣ ਜੋਕਿ ਅਸਲੀ-ਜੀਵਨ ਘਟਨਾ ਅਜਿਹੇ ਕਿ ਜੀਵਨੀਆਂ, ਲੇਖ ਅਤੇ ਇਤਿਹਾਸਕ ਕਹਾਣੀਆਂ ਦੇ ਅਧਾਰ 'ਤੇ ਹੋਣ | • ਆਪਣੇ ਬੱਚਿਆਂ ਨਾਲ ਗੈਰ- ਗਲਪ ਕਿਤਾਬਾਂ ਪੜੋ। ਪੜਨ ਨੂ ਮਜੇਦਾਰ ਅਤੇ ਦਿਲਚਸਪ ਬਣਾਉਣ ਦੇ ਤਰੀਕੇ ਲਭੋ |
| • ਜਿਆਦਾ ਗੈਰ- ਗਲਪ ਪਾਠ ਪੜਣਾ ਤੁਹਾਡੇ ਬੱਚੇ ਨੂ ਸੰਸਾਰ ਬਾਰੇ ਪੜ ਕੇ ਸਿਖਣ ਵਿਚ ਮਦਦ ਕਰੇਗਾ। | • ਵੇਖੋ ਕਿ ਤੁਹਾਡੇ ਬੱਚੇ ਸੰਸਾਰ ਬਾਰੇ ਹੋਰ ਤੱਥ ਤੇ ਅਧਾਰਿਤ ਕਿਤਾਬਾਂ ਘਰ ਲਿਆਉਣ1 ਮਿਸਾਲ ਲਈ, ਤੁਹਾਡੇ 1 ਵਿੱਚ ਪੜਦਾ ਜ ਕਿਨਡਰਗਰਟਨਰ ਵਿਚ ਪੜਣ ਵਾਲਾ ਸ਼ਾਯਦ ਕਲੇਡ ਰਾਬਰਟ ਬੁੱਲੇ(Clyde Robert Bulla's) ਦੀ ਕਤਾਬ ਇਕ ਦਰਖਤ ਇਕ ਪੌਦਾ ਹੈ(A Tree is a Plant) ਪੜੋ। ਇਹ ਕਿਤਾਬ ਵਿਦਿਆਰਥੀਆਂ ਨੂ ਵਿਗਿਆਨ ਬਾਰੇ ਪੜਣ ਤੇ ਸਿਖਣ ਦੇਂਦੀ ਹੈ। | • ਜਾਣੋ ਕਿ ਕੇੜੀਆਂ ਗੈਰ-ਗਲਪ ਕਿਤਾਬਾਂ ਗਰੇਡ-ਪੱਧਰ ਦੇ ਉਚਿਤ ਹਨ ਅਤੇ ਇਹ ਯਕੀਨੀ ਬਣਾਉ ਕਿ ਤੁਹਾਡੇ ਬੱਚੇ ਦੀ ਪਹੁੰਚ ਅਜਿਹੇ ਕਿਤਾਬ ਤੱਕ ਹੋਵੇ। |

| | | |
|---|---|---|
| • ਤੁਹਾਡੇ ਬੱਚੇ ਚੁਨੌਤੀਪੁਰਨ ਪਾਠ ਬਾਰੀਕੀ ਨਾਲ ਪੜਣਗੇ ਤਾਕਿ ਉਹ ਜੋ ਪੜਿਆ ਹੈ ਉਸਦਾ ਤੁਕ ਕਢ ਸਕਣ ਅਤੇ ਆਪਣੇ ਸਿੱਟੇ ਬਣਾ ਸਕਣ। | • ਤੁਹਾਡਾ ਬੱਚੇ ਦਾ ਪੜ੍ਹਨ ਅਤੇ ਲਿਖਣ ਦਾ ਕੰਮ ਐਸਾ ਹੋਵੇਗਾ ਜੋਕਿ ਸ਼ਾਇਦ ਉਸਨੂੰ ਇਕ ਕਹਾਣੀ ਜ ਕਿਤਾਬ ਦੇ ਕੁੰਜੀ ਹਿੱਸੇ ਨੂ ਸੁਣਾਉਣ ਜ ਲਿਖਣ ਲਈ ਪੁੱਛੋ। ਮਿਸਾਲ ਦੇ ਤੌਰ ਤੇ ਤੁਹਾਡੇ 2 ਜ 3 ਗਰੇਡ ਨੂ ਸ਼ਾਯਦ ਫੇਥ ਡ'ਅਲੁਸਿਓ(Faith D'Aluisio's) ਦੀ ਗੈਰ- ਗਲਪ ਕਿਤਾਬ ਜਿਦਾ ਕਿ ਸ਼ੀਰਸ਼ਕ ਹੈ ਸੰਸਾਰ ਕੀ ਖਾਂਦਾ ਹੈ(What the World Eats) ਨੂ ਜੋਰ ਨਾਲ ਪੜਣ ਲਈ ਕਿਹਾ ਜਾਏ ਅਤੇ ਕਹਾਣੀ ਦੇ ਤਥ ਦੁਬਾਰਾ ਦਸਣ ਲਈ ਕਿਹਾ ਜਾਏ। | • .ਆਪਣੇ ਬੱਚੇ ਨੂ ਪੜ੍ਹਨ ਲਈ ਹੋਰ ਚੁਣੌਤੀਪੂਰਨ ਟੈਕਸਟ ਪ੍ਰਦਾਨ ਕਰੋ। ਉਹਨਾ ਨੂ ਦਸੋ ਕਿ ਕਿਵੇਂ ਮੁਸ਼ਕਲ ਟੁਕੜਿਆਂ ਵਿਚ ਡੂੰਘੇ ਖੋਦਣਾ ਚਾਹਿਦਾ ਹੈ। |
| • ਜਦੋਂ ਕਹਾਣੀ ਲਿਖਣ ਜ ਪੜਣ ਦੀ ਵਾਰੀ ਆਵੇਗੀ ਤਾਂ ਤੁਹਾਡੇ ਬੱਚੇ ਜੋ ਕਹਨਗੇ ਉਸ ਨੂ ਪਾਠ ਵਿਚੋਂ "ਸਬੂਤ" ਇਕਠੇ ਕਰਕੇ ਸਹਿਯੋਗ ਦੇਣਗੇ | • ਵੇਖੋ ਕਿ ਕੇਹੜਾ ਲਿਖਿਆ ਕੰਮ ਤੁਜਾਦੇ ਬੱਚੇ ਨੂ ਮਿਲਿਆ ਹੈ ਜੋ ਕਿ ਟੈਕਸਟ ਤੋਂ ਠੋਸ ਉਦਾਹਰਣ ਲੈ ਕੇ ਉਹਨੁ ਸਬੂਤ ਦੇ ਤੌਰ ਤੇ ਵਰਤਣ ਲਈ ਆਖਦਾ ਹੈ। ਸਬੂਤ ਦਾ ਅਰਥ ਹੈ ਕਿਤਾਬ ਵਿਚੋਂ ਉਦਾਹਰਣ ਜੋ ਤੁਹਾਡਾ ਬੱਚਾ ਇੱਕ ਜਵਾਬ ਜ ਸਿੱਟੇ ਨੂੰ ਸਮਰਥਨ ਕਰਨ ਲਈ ਵਰਤੋ ਕਰਦਾ ਹੈ।ਇਹ ਅਤੀਤ | • ਆਪਣੇ ਬੱਚੇ ਨੂੰ ਕਹੋ ਕਿ ਰੋਜ਼ਾਨਾ  ਦੀ ਗੱਲਬਾਤ ਅਤੇ ਮਤਭੇਦ 'ਚ ਸਬੂਤ ਪ੍ਰਦਾਨ ਕਰੇ |

| | | |
|---|---|---|
| | ਵਿੱਚ ਵਰਤੇ ਗਏ ਰਾਏ ਸਵਾਲ ਤੋਂ ਵੱਖਰਾ ਹੈ। | |
| • ਤੁਹਾਡੇ ਬੱਚੇ ਜੋ ਪੜ੍ਹਣਗੇ ਉਸ ਵਿਚੋ ਸਿਖਣਗੇ ਕਿ ਕਿਵੇਂ ਲਿਖਣਾ ਹੈ | • ਆਪਣੇ ਬੱਚੇ ਦੇ ਲਿਖਣ ਲਈ ਮਿਲੇ ਕੰਮ ਨੂੰ ਵੇਖੋ ਜੋ ਕਿ ਲਿਖਣ ਲਈ ਆਰਗੂਮਿੰਟ ਬਣਾਉਣ ਵਿੱਚ ਸਬੂਤ ਵਰਤਣ ਨੂੰ ਕਹੇ। 4 ਅਤੇ 5 ਗ੍ਰੇਡ ਲਈ ਇਸਦਾ ਮਤਲਬ ਇਹ ਹੋ ਸਕਦਾ ਹੈ ਕਿ ਉਸ ਨੂੰ ਪੜ੍ਹਨ ਅਤੇ ਲਿਖਣ ਲਈ ਉਸਨੁ ਸਟੀਵ ਓਟਫ਼ੀਨੋਸਕੀ(Steve Otfinoski) ਦੁਆਰਾ ਲਿਖਤ ਇਕ ਗੈਰ-ਗਲਪ ਕਿਤਾਬ ਕਿੱਡ ਗਾਈਡ ਟੂ ਮਨੀ (The Kid's Guide to Money)ਨੂੰ ਕਿਹਾ ਜਾਵੇ। | • ਘਰ ਵਿਚ ਲਿਖਣ ਲਈ ਉਤਸ਼ਾਹਤ ਕਰੋ। ਸਬੂਤ ਅਤੇ ਵੇਰਵੇ ਵਰਤ ਕੇ ਇੱਕਠੇ ਲਿਖੋ। |
| • ਤੁਹਾਡੇ ਬੱਚੇ ਦੀ ਅਕਾਦਮਿਕ ਸ਼ਬਦਾਵਲੀ ਦਾ ਵਾਧਾ ਹੋਵੇਗਾ | • ਉਹ ਕੰਮ ਕਰਨ ਲਈ ਵੇਖੋ ਜੋ ਤੁਹਾਡੇ ਬੱਚੇ ਦੀ ਸ਼ਬਦਾਵਲੀ ਵਧਾਉਣ ਅਤੇ "ਭਾਸ਼ਾ ਇਕ ਸ਼ਕਤੀ ਹੈ.", ਸਿਖਣ ਨੂੰ ਕਹਂਦਾ ਹੈ। | • ਘੱਟ ਉਮਰ ਦੇ ਬੱਚੇ, ਛੋਟੇ ਬੱਚੇ, ਪ੍ਰੀਸਕੂਲ ਦੇ ਬੱਚੇ, ਅਤੇ ਬੱਚਿਆਂ ਨੂੰ ਅਕਸਰ ਕੁਝ ਪੜ੍ਹੋ। |

## ਗਣਿਤ

ਵਿਦਿਆਰਥੀਆਂ ਦੇ ਸਿੱਖਣ ਵਿੱਚ ਸੁਧਾਰ ਲਈ ਨਵੇਂ ਰਾਜ ਦੇ ਆਮ ਕੋਰ ਮਿਆਰ ਪੁਰਾਣਿਆਂ ਨਾਲੋਂ ਅਲਗ ਹਨ। ਹੇਠ ਦਿਤੇ ਚਾਰਟ ਵਿਚ ਵਿਖਾਇਆ ਹੈ, ਕਿ ਕੀ ਪਰਵਰਤਿਤ ਹੋ ਰਿਹਾ ਹੈ, ਸ਼ਾਯਦ ਤੁਸੀਂ ਆਪਣੇ ਬੱਚੇ ਦੇ ਬੈਕਪੈਕ ਵਿਚ ਕੀ ਵੇਖੋ, ਅਤੇ ਆਪਣੇ ਬੱਚੇ ਨੂ ਮਦਦ ਕਰਨ ਲਈ ਤੁਸੀਂ ਕੀ ਕਰ ਸਕਦੇ ਹੋ। ਫਿਰ ਵੀ ਜੇ ਤੁਹਾਡੇ ਬੱਚੇ ਦਾ ਕੰਮ ਪਰਵਰਤਨ ਦੀ ਝਲਕ ਨ ਵਿਖਾਏ ਤਾਂ ਆਪਣੇ ਬੱਚੇ ਦੇ ਅਧਿਆਪਕ ਨਾਲ ਗਲ ਕਰੋ।

| ਕੀ ਪਰਵਰਤਨ ਹੋ ਰਿਆ ਹੈ? | ਬੈਕਪੈਕ ਵਿਚ ਕਿਸ ਚੀਜ ਲਈ ਦੇਖੇਂ? | ਤੁਸੀਂ ਕੀ ਕਰ ਸਕਦੇ ਹੋ? |
|---|---|---|
| • ਤੁਹਾਡਾ ਬੱਚਾ ਘੱਟ ਵਿਸ਼ੇ ਵਿੱਚ ਹੋਰ ਡੂੰਘਾ ਕੰਮ ਕਰੇਗਾ, ਜੋ ਕਿ ਉਸਦੀ ਪੂਰੀ ਸਮਝ ਨੂੰ ਯਕੀਨੀ ਕਰੇਗਾ. (ਘੱਟ ਹੋਰ ਹੁੰਦਾ ਹੈ!) | • ਉਹਨਾ ਕੰਮਾਂ ਲਈ ਵੇਖੋ ਜੋ ਕਿ ਵਿਦਿਆਰਥੀ ਨੂੰ ਆਪਣਾ ਉਹ ਕੰਮ ਦਿਖਾਉਣ ਲਈ ਕਹਨ ਜਿਹੜਾ ਵਿਆਖਿਆ ਕਰੇ ਕਿ ਉਹ ਆਪਣੇ ਜਵਾਬ ਤੇ ਕਿੱਦਾਂ ਪਹੁੰਚਿਆ। | • ਜਾਣੋ ਕਿ ਤੁਹਾਡੇ ਬੱਚੇ ਨੂੰ ਆਪਣੇ ਗਰੇਡ ਪੱਧਰ ਦੇ ਆਧਾਰ 'ਤੇ ਕਰਨ ਲਈ ਕੀ ਸੰਕਲਪ ਮਹੱਤਵਪੂਰਨ ਹਨ ਅਤੇ ਉਹਨਾ ਸੰਕਲਪਾਂ 'ਤੇ ਕੰਮ ਕਰਣ ਵਿਚ ਸਮਾਂ ਖਰਚ ਕਰੋ। |
| • ਇੱਕ ਮਜ਼ਬੂਤ ਬੁਨਿਆਦ ਨਾਲ ਸ਼ੁਰੂ ਕਰਕੇ ਤੁਹਾਡਾ ਬੱਚਾ ਸਾਲ ਦੇ ਬਾਅਦ ਸਾਲ ਸਿੱਖਣ ਦੀ ਇਮਾਰਤ ਬਣਾਂਦਾ ਰਹੇਗਾ। | • ਉਹ ਕੰਮ ਕਰਨ ਲਈ ਵੇਖੋ ਜੋਕਿ ਇੱਕ ਦੂਜੇ ਨੂੰ ਬਣਾਉਂਦੇ ਹਨ। ਉਦਾਹਰਨ ਲਈ , ਵਿਦਿਆਰਥੀ, ਜਮਾ, ਘਟਾ, ਗੁਣਾ ਅਤੇ ਭਾਗ ਕਰਨ 'ਤੇ ਧਿਆਨ ਦੇਵੇਗਾ। ਇੱਕ ਵਾਰ ਇਹਨਾ ਖੇਤਰਾਂ ਤੇ ਮਹਾਰਤ ਹੋਣ ਤੇ ਉਹ ਭਿੰਨ ਤੇ ਧਿਆਨ ਦੇਣਗੇ। ਉਸਦੇ ਬਣਾਉਣ ਦੇ ਬਾਦ ਉਹ ਫਿਰ ਅਲਜਬਰਾ 'ਤੇ ਧਿਆਨ ਦੇਵੇਗਾ। ਤੁਹਾਨੂ ਉਹਨਾ ਦੀ ਵਿਸ਼ੇ ਸਿਖਣ | • ਤੁਹਾਡੇ ਬੱਚੇ ਨੇ ਪਿਛਲੇ ਸਾਲ ਕਿਸ ਧਾਰਨਾ ਦੇ ਨਾਲ ਸੰਘਰਸ਼ ਕੀਤਾ ਉਸ ਬਾਰੇ ਸੁਚੇਤ ਰਹੋ ਅਤੇ ਉਹਨਾ ਚੁਣੌਤੀਪੂਰਨ ਖੇਤਰਾਂ ਵਿੱਚ ਅਗੇ ਵਧਣ ਵਿਚ ਆਪਣੇ ਬੱਚੇ ਨੂੰ ਸਹਿਯੋਗ ਦੇਵੋ। |

| | | |
|---|---|---|
| | ਵਿੱਚ ਪ੍ਰਗਤੀ ਨੂੰ ਦੇਖਣ ਦੇ ਯੋਗ ਹੋਣਾ ਚਾਹਿਦਾ ਹੈ। | |
| • ਤੁਹਾਡਾ ਬੱਚਾ ਗਣਿਤ ਤੱਥਾਂ ਦਾ ਅਭਿਆਸ ਕਰਨ ਅਤੇ ਉਹਨਾ ਨੂ ਯਾਦ ਕਰਨ ਵਿਚ ਸਮਾਂ ਖਰਚ ਕਰੇਗਾ। | • ਉਹਨਾ ਕੰਮਾਂ ਲਈ ਵੇਖੋ ਜੋ ਕਿ ਤੁਹਾਡੇ ਬੱਚੇ ਨੂ ਗਣਿਤ ਤੱਥਾਂ ਦੀ ਮਹਾਰਤ ਕਰਨ ਨੂ ਪੁੱਛਣ, ਜਿਵੇ ਕਿ ਜਮਾਂ, 20 ਤਕ ਸਮੂਹ ਕਰਨਾ, ਜਾਂ ਗੁਣਾ ਟੇਬਲ। | • ਆਪਣੇ ਬੱਚੇ ਨੂੰ ਮੁਢਲੇ ਗਣਿਤ ਤੱਥ ਜਾਨਣ ਅਤੇ ਯਾਦ ਕਰਨ ਵਿਚ ਮਦਦ ਕਰੋ। ਆਪਣੇ ਬੱਚੇ ਨੂੰ ਰੋਜਾਨਾ ਜ਼ਿੰਦਗੀ ਵਿਚ ਆਉਣ ਵਾਲੇ ਗਣਿਤ ਨੂੰ 'ਕਰਨ ਲਈ ਕਹੋ'। |
| • ਤੁਹਾਡਾ ਬੱਚੇ ਸਮਝ ਜਾਣਗੇ ਕਿ ਗਣਿਤ ਕਿਉਂ ਕੰਮ ਕਰਦਾ ਹੈ, ਅਤੇ ਉਹਨਾ ਨੁ ਆਪਣੀ ਸਮਝ ਬਾਰੇ ਗੱਲ ਕਰਨ ਜਾਂ ਸਾਬਤ ਕਰਨ ਲਈ ਕਹੋ। | • ਤੁਹਾਡੇ ਬੱਚਿਆਂ ਨੂ ਸ਼ਾਯਦ ਕੰਮ ਮਿਲਣ ਜੋਕਿ ਉਹਨਾ ਨੂ ਆਪਣੇ ਗਣਿਤ ਦੀ ਸੋਚ ਦਿਖਾਉਣ ਜ ਵਿਆਖਿਆ ਕਰਨ ਲਈ ਪੁੱਛਣ- ਜਿਸ ਤਰਾਂ ਕਿ ਕਹੋ ਕਿ - ਉਹ ਕਿਉਂ ਸੋਚਦੇ ਹਨ ਕਿ ਉਹਨਾ ਦਾ ਜਵਾਬ ਹੀ ਠੀਕ ਹੈ। | • ਆਪਣੇ ਬੱਚਿਆਂ ਨਾਲ ਉਹਨਾ ਦੇ ਗਣਿਤ ਹੋਮਵਰਕ ਬਾਰੇ ਗੱਲ ਕਰੋ ਅਤੇ ਉਹਨਾ ਨੂੰ ਪੁਛੋ ਕਿ ਉਹ ਤੁਹਾਨੂ ਨਵੇਂ ਸੰਕਲਪ ਦਾ ਉਪਦੇਸ਼ ਦੇਣ। ਉਹਨਾ ਦੀ ਮਦਦ ਕਰੋ ਕਿ ਉਹ ਆਪਣੀ ਸੋਚ ਦੀ ਵਿਆਖਿਆ ਕਰਨ ਲਈ ਤਰੀਕੇ ਲਭਣ। |
| • ਤੁਹਾਡੇ ਬੱਚੇ ਨੂੰ ਹੁਣ ਕਿਹਾ ਜਾਵੇਗਾ ਕਿ ਉਹ ਅਸਲੀ- ਸੰਸਾਰ ਦੇ ਹਾਲਾਤਾਂ ਵਿਚ ਗਣਿਤ ਦੀ ਵਰਤੋਂ ਕਰੇ। | • ਗਣਿਤ ਦੇ ਉਹਨਾ ਕੰਮਾਂ ਵਲ ਵੇਖੋ ਜੋਕਿ ਅਸਲੀ ਸੰਸਾਰ ਤੇ ਅਧਾਰਿਤ ਹਨ। ਜਿਵੇਂ ਕਿ ਇਸ ਮੌਕੇ 5 ਗ੍ਰੇਡ ਲਈ ਹੋਮਵਰਕ ਵਿਚ ਸ਼ਾਮਲ ਹੋ ਸਕਦਾ ਹੈ ਕਿ ਉਹ ਇੱਕ ਮਿਠਾਈ (dessert recipe) ਦੇ ਭਾਗ ਦੇ ਤੌਰ ਤੇ | • ਆਪਣੇ ਬੱਚੇ ਨੂ ਘਰ ਵਿਚ ਹਰ ਰੋਜ਼ ਗਣਿਤ ਤੇ ਕੰਮ ਕਰਨ ਲਈ ਸਮਾਂ ਦਿਉ। |

| | | |
|---|---|---|
| | ਫਰੈਕਸ਼ਨ ਜਮਾਂ ਕਰਨ, ਜਫਰੈਕਸ਼ਨ ਦੇ ਆਧਾਰ ਤੇ ਇਹ ਪਤਾ ਕਰਨ ਕਿ ਕਿੰਨਾ ਪੀਜ਼ਾ ਦੋਸਤਾਂ ਨੇ ਖਾਧਾ। | |

**ਆਪਣੇ ਬੱਚੇ ਦੇ ਅਧਿਆਪਕ ਨਾਲ ਗੱਲ ਕਰਨਾ**

ਜਦ ਆਪਣੇ ਬੱਚੇ ਦੇ ਅਧਿਆਪਕ ਨਾਲ ਗੱਲ ਕਰੋ ਤਾਂ ਗੱਲਬਾਤ ਨੂੰ ਉਸ ਮਹੱਤਵਪੂਰਨ ਵਿਸ਼ੇ ਤੇ ਫੋਕਸ ਰੱਖਣ ਦੀ ਕੋਸ਼ਿਸ਼ ਕਰੋ ਜੋ ਕਿ ਤੁਹਾਡੇ ਬੱਚੇ ਦੇ ਨਾਲ ਸਭ ਤੋਂ ਜਜਾਦਾ ਸਬੰਧਤ ਹੈ। ਇਸ ਦਾ ਭਾਵ ਹੈ ਕਿ ਅਧਿਆਪਕ ਨੂ ਪੁੱਛਣਾ ਕਿ ਤੁਹਾਡਾ ਬੱਚਾ ਗ੍ਰੇਡ ਪੱਧਰ ਦੇ ਮਿਆਰ ਅਤੇ ਉਮੀਦ ਦੇ ਅਧਾਰ ਤੇ ਕਿਵੇਂ ਪ੍ਰਦਰਸ਼ਨ ਕਰ ਰਿਹਾ ਹੈ।

ਆਪਣੇ ਬੱਚੇ ਦੇ ਕੰਮ ਦਾ ਇੱਕ ਨਮੂਨਾ ਵੇਖਣ ਲਈ ਵੀ ਪੁੱਛੋ। ਆਪਣੇ ਬੱਚੇ ਦੇ ਨਮੂਨੇ ਨੂ ਇਸ ਵੇਬ ਸਾਇਟ ਤੇ ਮਿਲਦੇ ਨਮੂਨੇ ਨਾਲ ਤੁਲਨਾ ਕਰੋ

http://www.engageny.org/resource/new-york-state-common-core-sample-questions. ਉਹਨਾ ਨਮੂਨਿਆਂ ਨੂੰ ਆਪਣੇ ਬੱਚੇ ਦੇ ਅਧਿਆਪਕ ਦੇ ਕੋਲ ਲਿਆਣ ਦੀ ਖੁਲ ਵੀ ਮਹਿਸੂਸ ਕਰੋ ਅਤੇ ਅਧਿਆਪਕ ਨੂੰ ਪੁੱਛੋ ਕਿ ਉਹ ਵਿਆਖਿਆ ਕਰੇ ਕਿ ਉਹ ਨਮੂਨੇ ਕ੍ਲਾਸਰੂਮ ਵਿਚ ਕਿਵੇਂ ਵਰਤੇ ਜਾਂਦੇ ਹਨ।

ਇਹ ਜਾਣਕਾਰੀ ਤੁਹਾਨੂ ਇਸ ਯੋਗ ਬਣਾਏਗੀ ਕਿ ਤੁਸੀਂ ਘਰ ਵਿਚ ਮਹੱਤਵਪੂਰਨ ਢੱਲ ਕਰਕੇ ਆਪਣੇ ਬੱਚੇ ਦੀ ਕਲਾਸਰੂਮ.ਦੀ ਪ੍ਰਾਪਤੀ ਦੀ ਸਫਲਤਾ ਵਿਚ ਮਦਦ ਕਰੋ।

ਹੋਰ ਜਾਣਕਾਰੀ ਲਈ, ਕ੍ਰਿਪਾ ਦਾ ਦੌਰਾ ਕਰੋ: www.engageny.org ਜ ਆਪਣੇ ਲੋਕਲ ਪ੍ਰਿੰਸੀਪਲ ਜ ਸੁਪਰਣਟੈਂਡੰਟ ਨੂੰ ਸੰਪਰਕ ਕਰੋ।